**ਈ-ਮੇਲ**

OFFICE OF THE
DIRECTOR GENERAL OF POLICE PUNJAB,
CHANDIGARH.

ਦਫਤਰ,
ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ ।

<u>ਪ੍ਰਸ਼ਾਸਨ ਵਿੰਗ</u>
<u>(ਅਮਲਾ-1 ਸ਼ਾਖਾ)</u>

ਵੱਲ

1 ਡਿਪਟੀ ਇੰਸਪੈਕਟਰ ਜਨਰਲ ਪੁਲਿਸ,
ਬਾਰਡਰ ਰੇਂਜ, ਅੰਮ੍ਰਿਤਸਰ ।

2 ਡਿਪਟੀ ਇੰਸਪੈਕਟਰ ਜਨਰਲ ਪੁਲਿਸ,
ਬਠਿੰਡਾ ਰੇਂਜ, ਬਠਿੰਡਾ ।

3 ਡਿਪਟੀ ਇੰਸਪੈਕਟਰ ਜਨਰਲ ਪੁਲਿਸ,
ਫਿਰੋਜਪੁਰ ਰੇਂਜ, ਫਿਰੋਜਪੁਰ ।

4 ਡਿਪਟੀ ਇੰਸਪੈਕਟਰ ਜਨਰਲ ਪੁਲਿਸ,
ਜਲੰਧਰ ਰੇਂਜ, ਜਲੰਧਰ ।

5 ਡਿਪਟੀ ਇੰਸਪੈਕਟਰ ਜਨਰਲ ਪੁਲਿਸ,
ਪਟਿਆਲਾ ਰੇਂਜ, ਪਟਿਆਲਾ ।

ਯਾਦ ਪੱਤਰ ਨੰ: 5895-99/ਈ-1(3),
ਮਿਤੀ, ਚੰਡੀਗੜ੍ਹ : 05.04.2013

**ਵਿਸ਼ਾ :-** **ਐਗਜੈਕਟਿਵ ਕਲੈਰੀਕਲ ਕੇਡਰ ਦੇ ਐਸ.ਆਈ., ਏ.ਐਸ.ਆਈ., ਮੁੱਖ ਸਿਪਾਹੀ ਅਤੇ ਸਿਪਾਹੀਆਂ ਦੀ ਆਰਜੀ (Tentative) ਸੀਨੀਆਰਤਾ ਲਿਸਟ ।**

ਹਵਾਲਾ ਇਸ ਦਫਤਰ ਦੇ ਪੱਤਰ ਨੰਬਰ 5838-42/ਈ-1(3), ਮਿਤੀ 03.04.2013, ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ।

2. ਹਵਾਲਾ ਅਧੀਨ ਪੱਤਰ ਰਾਹੀਂ ਐਸ.ਆਈ. ਰੈਂਕ ਵਿੱਚ ਅੰਗ੍ਰੇਜੀ ਸਾਖਾ ਅਤੇ ਲੇਖਾ ਸਾਖਾ ਦੀ ਇੱਕਠੀ, ਏ.ਐਸ.ਆਈ., ਮੁੱਖ ਸਿਪਾਹੀ ਅਤੇ ਸਿਪਾਹੀਆਂ ਦੀ ਅੰਗ੍ਰੇਜੀ ਸਾਖਾ ਅਤੇ ਲੇਖਾ ਸਾਖਾ ਦੀ ਵੱਖਰੀ-2 ਸਾਂਝੀ ਸੀਨੀਆਰਤਾ ਸੂਚੀ ਪੰਜਾਬ ਪੁਲਿਸ ਦੀ ਵੈਬਸਾਈਟ www.punjabpolice.gov.in ਤੇ ਅੱਪਲੋਡ ਕੀਤੀ ਗਈ ਸੀ । ਇਹ ਸੀਨੀਆਰਤਾ ਸੂਚੀ ਆਪ ਦੇ ਅਧੀਨ ਪੈਂਦੇ ਕਰਮਚਾਰੀਆਂ ਨੂੰ ਨੋਟ ਕਰਵਾਈ ਜਾਵੇ ਅਤੇ ਜੇਕਰ ਕਿਸੇ ਕਰਮਚਾਰੀ ਨੂੰ ਇਹਨਾਂ ਸੀਨੀਆਰਤਾ ਸੂਚੀ ਦੇ ਸਬੰਧ ਵਿੱਚ ਕੋਈ ਇਤਰਾਜ ਹੈ ਤਾਂ ਉਹ 15 ਦਿਨਾਂ ਦੇ ਅੰਦਰ-2 ਆਪਣੀ ਪ੍ਰਤੀਬੇਨਤੀ ਇਸ ਦਫਤਰ ਭੇਜ ਸਕਦਾ ਹੈ, ਲਿਖਿਆ ਗਿਆ ਸੀ ।

3. ਇਹਨਾਂ ਸੀਨੀਆਰਤਾ ਲਿਸਟਾਂ ਨੂੰ ਮੁੜ ਵਾਚਣ ਤੇ ਪਾਇਆ ਗਿਆ ਕਿ ਮੁੱਖ ਸਿਪਾਹੀ ਰੈਂਕ ਵਿੱਚ ਲੇਖਾ ਸਾਖਾ ਅਤੇ ਅੰਗ੍ਰੇਜੀ ਸਾਖਾ ਦੀਆਂ ਸੀਨੀਆਰਤਾ ਲਿਸਟਾਂ ਵਿੱਚ ਕੁੱਝ ਤਰੁਟੀਆਂ ਰਹਿ ਗਈਆਂ ਸਨ ਜਿਹਨਾਂ ਦੀ ਸੋਧ ਕੀਤਾ ਗਈ ਹੈ। ਹਵਾਲਾ ਅਧੀਨ ਪੱਤਰ ਰਾਹੀਂ ਮੰਗੀ ਗਈ ਸੂਚਨਾਂ ਇਹਨਾਂ ਸੋਧੀਆਂ ਹੋਈਆਂ ਲਿਸਟਾਂ ਅਨੁਸਾਰ ਭੇਜੀ ਜਾਵੇ ।

3. ਉਪਰੋਕਤ ਤੋਂ ਇਲਾਵਾ ਇਹ ਵੀ ਸਪਸਟ ਕੀਤਾ ਜਾਂਦਾ ਹੈ ਕਿ ਐਗਜੈਕਟਿਵ ਕਲੈਰੀਕਲ ਕੇਡਰ ਲਈ ਰੂਲ ਬਣਾਉਣ ਸਬੰਧੀ ਕੇਸ ਵਿਚਾਰ ਅਧੀਨ ਹੈ । ਜਦੋਂ ਇਹ ਰੂਲ ਫਾਈਨਲ ਹੋ ਜਾਣਗੇ ਤਾਂ ਉੱਕਤ ਸੀਨੀਆਰਤਾ ਲਿਸਟਾਂ ਵਿੱਚ ਜੇਕਰ ਰੂਲਾਂ ਮੁਤਾਬਿਕ ਸੋਧ ਕਰਨ ਦੀ ਜਰੂਰਤ ਸਮਝੀ ਜਾਵੇਗੀ ਤਾਂ ਸੋਧ ਕਰ ਦਿੱਤੀ ਜਾਵੇਗੀ ।

ਸਹੀ/-
(ਏ.ਆਈ.ਜੀ./ਪਰਸ-1)
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰਬਰ 5900 /ਈ-1(3), ਮਿਤੀ 05.04.2013

ਉਪਰੋਕਤ ਦਾ ਉਤਾਰਾ ਇਸ ਦਫਤਰ ਦੇ ਪਿਠ ਅੰਕਣ ਨੰਬਰ 5843/ਈ-1(3), ਮਿਤੀ 03.04.2013 ਦੇ ਹਵਾਲੇ ਵਿੱਚ ਉੱਕਤ ਸੋਧੀਆਂ ਹੋਈਆਂ ਸੀਨੀਆਰਤਾ ਲਿਸਟਾਂ ਦੀ ਕਾਪੀ ਸਮੇਤ ਵਧੀਕ ਡਾਇਰੈਕਟਰ ਜਨਰਲ ਪੁਲਿਸ, ਆਈ.ਟੀ.ਐਂਡ ਟੀ.ਪੰਜਾਬ, ਚੰਡੀਗੜ੍ਹ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਸੀਨੀਆਰਤਾ ਲਿਸਟਾਂ ਪੰਜਾਬ ਪੁਲਿਸ ਦੀ ਵੈਬਸਾਈਟ ਤੇ ਜਲਦ ਹੀ ਅਪਲੋਡ ਕਰ ਦਿੱਤੀਆਂ ਜਾਣ ਜੀ ।

**ਨੱਥੀ: ਉਪਰੋਕਤ ਅਨੁਸਾਰ ।**

ਸਹੀ/-
(ਏ.ਆਈ.ਜੀ./ਪਰਸ-1)
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।